ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਉਨ੍ਹਾਂ ਦੀ ਬਤੌਰ ਰਜਿਸਟਰਾਰ ਤਰੱਕੀ ਸਮੇਂ ਤੱਥਾਂ ਨੂੰ ਛੁਪਾਉਂਣ ਅਤੇ ਮੰਦ ਭਾਵਨਾਂ ਦਾ ਪ੍ਰਤੀਕ ਹੋਣ ਕਾਰਨ ਇਸ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ: 5/19/2012-2ਸਿੰ:ਪ੍ਰੋ:2/215679/1-4 ਮਿਤੀ 8-5-2014 ਰਾਹੀਂ ਸੇਵਾ ਤੋਂ ਮੁਅੱਤਲ ਕਰਨ ਉਪਰੰਤ ਸਰਕਾਰ ਦੇ ਪੱਤਰ ਨੰ: 5/19/2-14-5ਸਿੰ:ਪ੍ਰੋ:2/239772, ਮਿਤੀ 9.6.2014 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਚਾਰਜਸ਼ੀਟ ਜਾਰੀ ਕੀਤੀ ਗਈ ਸੀ ।

ਇਸ ਅਧਿਕਾਰੀ ਵੱਲੋਂ ਸਰਕਾਰ ਨੂੰ ਸਰਕਾਰੀ ਸੇਵਾ ਵਿੱਚ ਮੁੜ ਬਹਾਲ ਕਰਨ ਸਬੰਧੀ ਪੇਸ਼ ਕੀਤੀ ਪ੍ਰਤੀ ਬੇਨਤੀ ਨੂੰ ਵਿਚਾਰਨ ਉਪਰੰਤ ਇਸ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ: 5/19/2014-5ਸਿੰ:ਪ੍ਰੋ:2/584-586, ਮਿਤੀ 18.9.2014 ਰਾਹੀਂ ਪੈਡਿੰਗ ਇੰਨੁਕਆਰੀ ਤੇ ਬਹਾਲ ਕੀਤਾ ਗਿਆ ਸੀ ।

ਇਸ਼ ਅਧਿਕਾਰੀ ਨੂੰ ਜਾਰੀ ਕੀਤੀ ਚਾਰਜਸੀਟ ਵਿੱਚ ਲਗਾਏ ਗਏ ਦੋਸਾਂ ਸਬੰਧੀ, ਉਨਾਂ ਦਾ ਕੋਈ ਕਸੂਰ ਨਾ ਹੋਣ ਕਾਰਣ ਇਸ ਅਧਿਕਾਰੀ ਨੂੰ ਜਾਰੀ ਕੀਤੀ ਦੋਸ਼ ਸੂਚੀ ਸਰਕਾਰ ਦੇ ਪੱਤਰ ਨੰ: 5/19/2014-5ਸਿੰ:ਪ੍ਰੋ:2/476811/1-4, ਮਿਤੀ 5.5.2015 ਰਾਹੀਂ ਡਰਾਪ ਕਰ ਦਿੱਤੀ ਗਈ ਸੀ ।

ਜਿਥੋਂ ਤੱਕ ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ, ਮੁੱਖ ਦਫਤਰ, ਸਿੰਚਾਈ ਵਿਭਾਗ ਦੇ ਮਿਤੀ 8.5.2014 ਤੋਂ 18.9.2014 ਤੱਕ ਦੇ ਮੁਅੱਤਲੀ ਸਮੇਂ ਦਾ ਸਬੰਧ ਹੈ, ਇਸ ਅਧਿਕਾਰੀ ਦਾ ਮਿਤੀ 8.5.2014 ਤੋਂ 18.9.2014 ਤੱਕ ਦੇ ਮੁਅੱਤਲੀ ਸਮੇਂ ਨੂੰ ਸੀ.ਐਸ.ਆਰ.ਵਾਲਿਊਮ-1, ਪਾਰਟ-1 ਦੇ ਰੂਲ 7.3 (ਬੀ) ਅਧੀਨ ਡਿਊਟੀ ਪੀਰੀਅਡ ਟਰੀਟ ਕੀਤਾ ਜਾਂਦਾ ਹੈ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
26-05-2015

ਪਿੱਠ ਅੰਕਣ ਨੰ: 5/19/2012-5ਸਿੰ.ਪ੍ਰੋ.2/496969/2 ਮਿਤੀ,ਚੰਡੀਗੜ੍ਹ: 29/5/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 3580/5ਈ.ਈ.2/2015 ਮਿਤੀ 15-05-2015 ਦੇ ਹਵਾਲੇ ਵਿੱਚ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
3) ਸ੍ਰੀ ਜਸਵਿੰਦਰ ਸਿੰਘ, ਰਜਿਸਟਰਾਰ, ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਸੁਪਰਡੰਟ

3695
01 JUN